**ਪ੍ਰਧਾਨ ਮੰਤਰੀ ਨੇ ਰੀਓ ਡੀ ਜਨੇਰੀਓ ਵਿੱਚ BRICS ਸਮਿਟ ਦੇ ਦੌਰਾਨ ਬੋਲੀਵੀਆ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ (07 ਜੁਲਾਈ, 2025)**

07 ਜੁਲਾਈ 2025

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿੱਚ BRICS ਸਮਿਟ ਦੇ ਅਵਸਰ 'ਤੇ ਬੋਲੀਵੀਆ ਦੇ ਰਾਸ਼ਟਰਪਤੀ ਮਹਾਮਹਿਮ ਲੁਈਜ਼ ਐਰਸੇ ਕੈਟਾਕੋਰਾ ਨਾਲ ਮੁਲਾਕਾਤ ਕੀਤੀ।

2. ਦੋਨਾਂ ਨੇਤਾਵਾਂ ਨੇ ਦੁਵੱਲੇ ਸਹਿਯੋਗ ਦੀ ਸਮੀਖਿਆ ਕੀਤੀ ਅਤੇ ਹਾਸਲ ਪ੍ਰਗਤੀ 'ਤੇ ਤਸੱਲੀ ਵਿਅਕਤ ਕੀਤੀ। ਉਨ੍ਹਾਂ ਨੇ ਮਹੱਤਵਪੂਰਨ ਖਣਿਜਾਂ, ਵਪਾਰ ਤੇ ਵਣਜ, ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਅਤੇ UPI, ਸਿਹਤ ਅਤੇ ਫਾਰਮਾਸਿਊਟੀਕਲ, ਟ੍ਰੈਡਿਸ਼ਨਲ ਮੈਡੀਸਨ, ਲਘੂ ਅਤੇ ਦਰਮਿਆਨੇ ਉਦਯੋਗ, ਟ੍ਰੇਨਿੰਗ ਅਤੇ ਸਮਰੱਥਾ ਨਿਰਮਾਣ ਵਿੱਚ ਸਹਿਯੋਗ 'ਤੇ ਚਰਚਾ ਕੀਤੀ। ਦੋਨਾਂ ਨੇਤਾਵਾਂ ਨੇ ਮਹੱਤਵਪੂਰਨ ਖਣਿਜਾਂ ਦੇ ਖੇਤਰ ਵਿੱਚ ਸਹਿਯੋਗ ਵਧਾਉਣ ਅਤੇ ਇਸ ਖੇਤਰ ਵਿੱਚ ਸਥਾਈ ਅਤੇ ਪਰਸਪਰ ਤੌਰ 'ਤੇ ਲਾਭਕਾਰੀ ਸਾਂਝੇਦਾਰੀ ਵਿਕਸਿਤ ਕਰਨ ਦੀ ਸਮਰੱਥਾ ਨੂੰ ਪਛਾਣਿਆ। ਉਨ੍ਹਾਂ ਨੇ ਦੋਨਾਂ ਦੇਸ਼ਾਂ ਦੇ ਦਰਮਿਆਨ ਜਾਰੀ ਵਿਕਾਸ ਸਹਿਯੋਗ 'ਤੇ ਤਸੱਲੀ ਵਿਅਕਤ ਕੀਤੀ, ਜਿਸ ਵਿੱਚ ਤੁਰੰਤ ਪ੍ਰਭਾਵ ਪ੍ਰੋਜੈਕਟਾਂ ਅਤੇ ITEC ਸਕਾਲਰਸ਼ਿਪ ਪ੍ਰੋਗਰਾਮਾਂ ਦੇ ਤਹਿਤ ਸਮਰੱਥਾ ਨਿਰਮਾਣ ਪਹਿਲਾਂ ਸ਼ਾਮਲ ਹਨ।

3. ਪ੍ਰਧਾਨ ਮੰਤਰੀ ਨੇ ਮਾਰਚ-ਅਪ੍ਰੈਲ 2025 ਵਿੱਚ ਲਾ ਪਾਜ਼ ਅਤੇ ਦੇਸ਼ ਦੇ ਕਈ ਹੋਰ ਹਿੱਸਿਆਂ ਵਿੱਚ ਆਏ ਭਿਆਨਕ ਹੜ੍ਹਾਂ ਦੇ ਮੱਦੇਨਜ਼ਰ ਬੋਲੀਵੀਆ ਦੇ ਲੋਕਾਂ ਦੇ ਨਾਲ ਇਕਜੁੱਟਤਾ ਵਿਅਕਤ ਕੀਤੀ। ਉਨ੍ਹਾਂ ਨੇ ਅੰਤਰਰਾਸਟਰੀ ਸੌਰ ਗਠਬੰਧਨ ਵਿੱਚ ਸ਼ਾਮਲ ਹੋਣ ਦੇ ਲਈ ਬੋਲੀਵੀਆ ਨੂੰ ਵਧਾਈ ਵੀ ਦਿੱਤੀ।

4. ਪ੍ਰਧਾਨ ਮੰਤਰੀ ਨੇ 6 ਅਗਸਤ 2025 ਨੂੰ ਸੁਤੰਤਰਤਾ ਦੇ 200 ਵਰ੍ਹੇ ਪੂਰੇ ਹੋਣ ਦੇ ਸਬੰਧ ਵਿੱਚ ਦੇਸ਼ ਦੇ ਦੋ-ਸ਼ਤਾਬਦੀ ਸਮਾਰੋਹ ਦੇ ਅਵਸਰ 'ਤੇ ਬੋਲੀਵੀਆ ਦੇ ਲੋਕਾਂ ਅਤੇ ਸਰਕਾਰ ਨੂੰ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ।

ਰੀਓ ਡੀ ਜਨੇਰੀਓ

07 ਜੁਲਾਈ 2025